Sh. Paramjit Singh Gill
Assistant Registrar
(Student Welfare)

I.K.Gujral Punajb Technical University
Jalandhar- Kapurthala Highway, Kapurthala
Phone No. 9478098033

Ref. No. IKGPTU/AR/SW/1676 Date: 14-08-2018

ਪ੍ਰਿੰਸੀਪਲ/ਡਾਇਰੈਕਟਰ
ਆਈ.ਕੇ.ਜੀ.ਪੀ.ਟੀ.ਯੂ. ਨਾਲ ਸਬੰਧਿਤ ਸਾਰੇ **Non-AICTE** ਕਾਲਜ ਅਤੇ ਸਾਰੇ ਆਈ.ਕੇ.ਜੀ.ਪੀ.ਟੀ.ਯੂ ਕੈਂਪਸਸ

ਵਿਸ਼ਾ :- ਸ਼੍ਰੀ ਆਰ.ਵੈਂਕਟ ਰਤਨਮ, ਆਈ.ਏ.ਐਸ., ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਮਿਤੀ 06-07-2018 ਅਤੇ 11-07-2018 ਨੂੰ **Post Matric Scholarship** ਸਬੰਧੀ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟਾਂ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ ਵੱਲੋਂ ਜਾਰੀ ਪੱਤਰ ਮੀਮੋ ਨੰ: /ਟੀ.ਈ./1493-1527/ਸਕਾਲਰਸ਼ਿਪ/ ਮਿਤੀ 08-08-2018 ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਨ੍ਹਾਂ ਵੱਲੋਂ ਡਾਇਰੈਕਟਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ ਵੱਲੋਂ ਜਾਰੀ ਪੱਤਰ ਮੀਮੋ ਨੰ: ਸ-17/22598-607 ਮਿਤੀ 30-07-2018 ਦੀ ਕਾਪੀ ਭੇਜਦੇ ਹੋਏ ਮਾਨਯੋਗ ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ, ਮਿਤੀ 11-07-2018 ਨੂੰ ਸਵੇਰੇ 11:30 ਵਜੇ, ਉਨ੍ਹਾਂ ਦੇ ਦਫਤਰੀ ਕਮਰਾ ਨੰ.423, ਚੌਥੀ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ ਵਿਖੇ **Post Matric Scholarship** ਸਬੰਧੀ ਲਾਗੂਕਰਤਾ ਵਿਭਾਗਾਂ, ਭਲਾਈ ਵਿਭਾਗ ਦੇ ਅਧਿਕਾਰੀਆਂ ਅਤੇ ਐਨ.ਆਈ.ਸੀ. ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੀ ਕਾਰਵਾਈ ਦੀ ਕਾਪੀ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਹੈ।(ਕਾਪੀਆਂ ਨਾਲ ਨੱਥੀ ਹਨ)

ਇਸ ਲਈ ਆਪਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ।

10/8/18
ਸਹਾਇਕ ਰਜਿਸਟਰਾਰ
(ਵਿਦਿਆਰਥੀ ਭਲਾਈ ਵਿਭਾਗ)

ਉਤਾਰਾ :- 1. ਰਜਿਸਟਰਾਰ (ਜਾਣਕਾਰੀ ਹਿੱਤ)
1. ਸੰਯੁਕਤ ਰਜਿਸਟਰਾਰ, ਵਿਦਿਆਰਥੀ ਭਲਾਈ ਵਿਭਾਗ (ਜਾਣਕਾਰੀ ਹਿੱਤ)
2. ਮੁਖੀ, ਆਈ.ਟੀ.ਐੱਸ. ਵਿਭਾਗ (ਵੈੱਬ-ਸਾਇਟ ਤੇ ਪਾਉਣ ਲਈ)

ਵੱਲੋਂ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ) ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਨੋਡਲ ਅਫਸਰ(ਰਜਿਸਟਰਾਰ/ਪ੍ਰਿੰਸੀਪਲ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ: ਜਲੰਧਰ।
3. ਇੰਡੀਅਨ ਇੰਸ : ਆਫ ਟੈਕ : ਰੋਪੜ।
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ।
6. ਥਾਪਰ ਯੂਨੀਵਰਸਿਟੀ ਪਟਿਆਲਾ ।
7 ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।
8. ਸੈਂਟਰਲ ਇੰਸ: ਆਫ ਪਲਾਸਟਿਕ ਇੰਜ:ਐਂਡ ਟੈਕਨਾਲੋਜੀ, ਅੰਮ੍ਰਿਤਸਰ।

9-24 ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ, ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜਪੁਰ, ਬਡਬਰ ਅਤੇ ਤਲਵਾੜਾ ।

25-30 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ।

31 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ ।

ਮੀਮੋ ਨੰ: /ਟੀ.ਈ/ 1493-1527 /ਸਕਾਲਰਸ਼ਿਪ/ ਮਿਤੀ: 8/8/18

ਵਿਸ਼ਾ: ਸ੍ਰੀ ਆਰ.ਵੈਂਕਟ ਰਤਨਮ, ਆਈ.ਏ.ਐਸ., ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਮਿਤੀ 06.07.2018 ਅਤੇ 11.07.2018 ਨੂੰ Post Matric Scholarship ਸਬੰਧੀ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟਾਂ ਭੇਜਣ ਸਬੰਧੀ।

ਇਸ ਰਾਹੀਂ ਆਪ ਨੂੰ ਡਾਇਰੈਕਟਰ, ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ ਦੇ ਪੱਤਰ ਨੰ:22598-607 ਮਿਤੀ 30-07-2018 ਅਤੇ ਨੰ:22814-21 ਮਿਤੀ 31-07-2018 ਦੀਆਂ ਕਾਪੀਆਂ ਸਹਿਪੱਤਰਾਂ ਸਮੇਤ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀਆਂ ਜਾਂਦੀਆਂ ਹਨ।

ਨੱਥੀ/-ਉਪਰੋਕਤ ਅਨੁਸਾਰ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ,ਚੰਡੀਗੜ੍ਹ।

# ਡਾਇਰੈਕਟੋਰੇਟ

## ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ,

## ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ

ਟੈਲੀਫੋਨ ਨੰ: 2600588, 2602912 (ਫੈਕਸ)

3702 2/8/18

ਸੇਵਾ ਵਿਖੇ

1. ਸਕੱਤਰ,
   ਪੰਜਾਬ ਸਕੂਲ ਸਿੱਖਿਆ ਬੋਰਡ,
   ਐਸ.ਏ.ਐਸ.ਨਗਰ।
2. ਡਾਇਰੈਕਟਰ,
   ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
   (ਪੋਲੀ. ਅਤੇ ਇੰਜ. ਵਿੰਗ), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ,
   ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
   (ਆਈ.ਟੀ.ਆਈ ਵਿੰਗ), ਪੰਜਾਬ, ਚੰਡੀਗੜ੍ਹ।
4. ਡਾਇਰੈਕਟਰ,
   ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
5. ਡੀ.ਪੀ.ਆਈ (ਕਾਲਜਾਂ),
   ਪੰਜਾਬ, ਐਸ.ਏ.ਐਸ.ਨਗਰ।
6. ਡਾਇਰੈਕਟਰ,
   ਪਸ਼ੂ ਪਾਲਣ ਵਿਭਾਗ, ਪੰਜਾਬ, ਐਸ.ਏ.ਐਸ.ਨਗਰ।
7. ਡੀ.ਪੀ.ਆਈ (ਸੈ.ਸਿੱ),
   ਪੰਜਾਬ, ਐਸ.ਏ.ਐਸ.ਨਗਰ।
8. ਡਾਇਰੈਕਟਰ,
   ਐਸ.ਸੀ.ਈ.ਆਰ.ਟੀ., ਪੰਜਾਬ, ਐਸ.ਏ.ਐਸ.ਨਗਰ।
9. ਸਟੇਟ ਇੰਨਫਰਮੈਟਿਕ ਅਫਸਰ,
   ਐਨ.ਆਈ.ਸੀ., ਪੰਜਾਬ ਸਟੇਟ ਯੂਨਿਟ,
   ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
10. ਮੈਨੇਜਿੰਗ ਡਾਇਰੈਕਟਰ,
    ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ,
    ਰਾਜ ਸਿਹਤ ਤੇ ਪਰਿਵਾਰ ਭਲਾਈ ਸੰਸਥਾ, ਨੇੜੇ ਸਿਵਲ ਹਸਪਤਾਲ,
    ਫੇਜ਼ 6,ਪੰਜਾਬ, ਐਸ.ਏ.ਐਸ.ਨਗਰ।

DD (Scholarships)

ਮੀਮੋ ਨੰ ਸ- 17/ 22598-607
ਮਿਤੀ, ਚੰਡੀਗੜ੍ਹ: 30/7/18

ਵਿਸ਼ਾ: ਸ੍ਰੀ ਆਰ.ਵੈਂਕਟ ਰਤਨਮ, ਆਈ.ਏ.ਐਸ., ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਮਿਤੀ 11-7-2018 ਨੂੰ **Post Matric Scholarship** ਸਬੰਧੀ ਹੋਈ ਮੀਟਿੰਗ ਦੀ ਕਾਰਵਾਈ।

ਮਾਨਯੋਗ ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ, ਮਿਤੀ 11-7-2018 ਨੂੰ ਸਵੇਰੇ 11.30 ਵਜੇ, ਉਨ੍ਹਾਂ ਦੇ ਦਫਤਰੀ ਕਮਰਾ ਨੰ. 423, ਚੌਥੀ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ ਵਿਖੇ Post Matric Scholarship ਸਬੰਧੀ ਲਾਗੂਕਰਤਾ ਵਿਭਾਗਾਂ, ਭਲਾਈ ਵਿਭਾਗ ਦੇ ਅਧਿਕਾਰੀਆਂ ਅਤੇ ਐਨ.ਆਈ.ਸੀ. ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੀ ਕਾਰਵਾਈ ਦੀ ਕਾਪੀ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ ਜੀ।

ਨੱਥੀ/ (04 ਪੰਨੇ)

ਵਧੀਕ ਡਾਇਰੈਕਟਰ

ਪਿੱਠ ਅੰਕਣ ਨੰਬਰ ਸ-17/ 22608-09 ਮਿਤੀ, ਚੰਡੀਗੜ੍ਹ 30/7/18

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਚੰਡੀਗੜ੍ਹ ;
2. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਅਨੁਸੂਚਿਤ ਜਾਤੀਆਂ ਸਬ ਪਲਾਨ, ਚੰਡੀਗੜ੍ਹ।

ਵਧੀਕ ਡਾਇਰੈਕਟਰ

ਮਿਤੀ 11-7-2018 ਨੂੰ ਸ੍ਰੀ ਆਰ.ਵੈਂਕਟ ਰਤਨਮ, ਆਈ.ਏ.ਐਸ., ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ **Post Matric Scholarship** ਸਬੰਧੀ ਹੋਈ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਨਿਮਨ-ਲਿਖਤ ਅਧਿਕਾਰੀਆਂ ਵੱਲੋਂ ਭਾਗ ਲਿਆ ਗਿਆ :-

1. ਸ੍ਰੀ ਮਲਵਿੰਦਰ ਸਿੰਘ ਜੱਗੀ, ਆਈ.ਏ.ਐਸ., ਡਾਇਰੈਕਟਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ
2. ਸ੍ਰੀ ਪਰਵੀਨ, ਆਈ.ਏ.ਐਸ., ਸਪੈਸ਼ਲ ਸਕੱਤਰ-ਕਮ-ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ
3. ਸ੍ਰੀਮਤੀ ਦਮਨਦੀਪ ਕੌਰ, ਪੀ.ਸੀ.ਐਸ.,ਡਿਪਟੀ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, (ਆਈ.ਟੀ.ਵਿੰਗ), ਪੰਜਾਬ, ਚੰਡੀਗੜ੍ਹ
4. ਸ੍ਰੀ ਰਾਜ ਬਹਾਦਰ ਸਿੰਘ, ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਅਨੁਸੂਚਿਤ ਜਾਤੀਆਂ ਸਬ ਪਲਾਨ, ਪੰਜਾਬ, ਚੰਡੀਗੜ੍ਹ;
5. ਡਾ. ਅਵਨੀਸ਼ ਕੁਮਾਰ, ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ
6. ਡਾ. ਮੀਨਾ, ਡਾਇਰੈਕਟਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਐਸ.ਏ.ਐਸ.ਨਗਰ
7. ਸ੍ਰੀ ਸਤੇਂਦਰ ਕੁਮਾਰ, ਐਸ.ਆਈ.ਓ, ਐਨ.ਆਈ.ਸੀ, ਪੰਜਾਬ, ਚੰਡੀਗੜ੍ਹ
8. ਸ੍ਰੀ ਬੀ.ਐਸ.ਸੈਣੀ, ਅਡੀਸ਼ਨਲ ਐਸ.ਆਈ.ਓ, ਐਨ.ਆਈ.ਸੀ, ਪੰਜਾਬ, ਚੰਡੀਗੜ੍ਹ
9. ਸ੍ਰੀ ਅਨਿਲ ਡੋਗਰਾ, ਟੈਕਨੀਕਲ ਡਾਇਰੈਕਟਰ, ਐਨ.ਆਈ.ਸੀ, ਪੰਜਾਬ, ਚੰਡੀਗੜ੍ਹ
10. ਸ੍ਰੀ ਕ੍ਰਿਸ਼ਨ ਲਾਲ, ਟੈਕਨੀਕਲ ਡਾਇਰੈਕਟਰ, ਐਨ.ਆਈ.ਸੀ, ਪੰਜਾਬ, ਚੰਡੀਗੜ੍ਹ
11. ਸ੍ਰੀਮਤੀ ਬਿੰਦੂ ਵਾਲੀਆ, ਵਧੀਕ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ;
12. ਸ੍ਰੀ ਹਰਪਾਲ ਸਿੰਘ, ਵਧੀਕ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ
13. ਡਾ: ਗੁਰਦੀਪ ਸਿੰਘ, ਸੰਯੁਕਤ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ
14. ਸ੍ਰੀ ਜਸਵਿੰਦਰ ਸਿੰਘ ਗਿੱਲ, ਡਿਪਟੀ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ;
15. ਸ੍ਰੀ ਹਰਜਿੰਦਰ ਸਿੰਘ, ਸਹਾਇਕ ਡਾਇਰੈਕਟਰ, ਡੀ.ਪੀ.ਆਈ (ਕਾਲਜਾਂ), ਪੰਜਾਬ, ਐਸ.ਏ.ਐਸ.ਨਗਰ
16. ਸ੍ਰੀਮਤੀ ਪਰਮਿੰਦਰ ਕੌਰ, ਓ.ਐਸ.ਡੀ. ਸਕਾਲਰਸ਼ਿਪ, ਡੀ.ਪੀ.ਆਈ ਸਕੂਲਜ਼), ਪੰਜਾਬ, ਐਸ.ਏ.ਐਸ.ਨਗਰ
17. ਸ੍ਰੀਮਤੀ ਦਲਜੀਤ ਕੌਰ, ਨੋਡਲ ਅਫਸਰ, ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ
18. ਸ੍ਰੀ ਮਹਿੰਦਰ ਸਿੰਘ, ਡਿਪਟੀ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ
19. ਸ੍ਰੀ ਗੁਰਤੇਜ ਸਿੰਘ, ਡਿਪਟੀ ਡਾਇਰੈਕਟਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ
20. ਸ੍ਰੀਮਤੀ ਬਿਮਲਾ, ਸਹਾਇਕ ਡਾਇਰੈਕਟਰ, ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ

ਮੀਟਿੰਗ ਦੇ ਸ਼ੁਰੂ ਵਿੱਚ ਸਮੂਹ ਲਾਗੂਕਰਤਾ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਭਾਰਤ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਜਾਰੀ ਕੀਤੀਆਂ ਗਈਆਂ ਸੋਧੀਆਂ ਗਾਈਡ ਲਾਈਨਜ਼ (ਮਿਤੀ 1-4-2018 ਤੋਂ) ਦੀ ਕਾਪੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ ਇਨ੍ਹਾਂ ਗਾਈਡ ਲਾਈਨਜ਼ ਅਨੁਸਾਰ ਕਾਰਵਾਈ ਕੀਤੀ ਜਾਵੇ। ਇਨ੍ਹਾਂ ਗਾਈਡ ਲਾਈਨਜ਼ ਵਿੱਚ ਹੇਠ ਲਿਖੇ ਅਨੁਸਾਰ major changes ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ :-

1. ਗਾਈਡ ਲਾਈਨਜ਼ ਦੀ ਮੱਦ **IX. Payment ਦੇ ਲੜੀ ਨੰ. 3** ਤਹਿਤ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ:-

The Government of the State/Union Territory Administration will pay the non refundable fees and maintenance fees in to the account of the students. Incidental to

above, changes, Ministry's D.O No. 14012/2/2010-SCD-VI dated October 6,2010 addressed to Principal Secretaries/ Secretaries (SW) of all States/ UTs regarding instructions to all private institutions not to charge any tuition fee from eligible SC students at the time of admission stands withdrawn. The State Government/UT administration will frame modalities regarding periodical and timely release of scholarship (including fees) to student's accounts, so that students can pay the fees to the institution on time and not be subjected to any penalties for late payment/non payment of fees.

**In the light of above guidelines, institutes have to decide at their level whether to charge or not to charge fee from the students at the time of admission.**

2. ਗਾਈਡ ਲਾਈਨਜ਼ ਦੀ ਮੱਦ **X. Mode of disbursal of Scholarship** ਦੇ ਲੜੀ ਨੰ ਨੰ. 1 ਦਾ **(ii)** ਤਹਿਤ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ:-

Non refundable fee to students should be released in the following order of priority:-

(i) Students studying in Government Educational Bodies including Central and State Universities.
(ii) Students studying in Government aided schools/colleges/institutions.
(iii) Students studying in Private institutions affiliated to central/state universities.
(iv) Students studying in other institutions.

3. ਗਾਈਡ ਲਾਈਨਜ਼ ਦੀ ਮੱਦ **X. Mode of disbursal of Scholarship** ਦੇ ਲੜੀ ਨੰ. 2 **(b) (i & ii)** ਤਹਿਤ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ:-

(b) In case the State Government has not released scholarship to students and have claimed the arrears towards pending past claims, in such cases the State Govt. will follow procedure as given below:-

i) Where the institutes have not charged the non refundable fees from students; the state shall verify such claims with the concerned students and also furnish a complete list of such students, institute wise, while forwarding arrears claims to the ministry (in the context of pre revised cases).

ii) Where institute have charged non refundable fees from students, the State shall furnish a complete list of such students, along with details of their bank accounts and Aadhaar number institution wise while forwarding arrear claims to the ministry. The arrears should be released invariably through DBT in to the accounts of students.

4. ਗਾਈਡ ਲਾਈਨਜ਼ ਦੀ ਮੱਦ **XIII. Procedure for applying** ਦੇ ਲੜੀ ਨੰ.**(d & e)** ਤਹਿਤ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ:-

d) A certificate of caste duly signed by an authorized revenue officer not below the rank of Tehsildar.

e) Income declaration of self employed parents/guardian should be in the form of a certificate issued by Revenue Officer not below the rank of Tehsildar. Employed parents/guardians are required to obtain income certificate from their employer. Employed parents/guardians should obtain consolidated certificate from Revenue Officer for any other additional source of income.

5. ਮਾਨਯੋਗ ਪ੍ਰਮੁੱਖ ਸਕੱਤਰ ਭਲਾਈ ਜੀ ਵੱਲੋਂ ਮੀਟਿੰਗ ਵਿੱਚ ਦੱਸਿਆ ਗਿਆ ਕਿ ਸਕੀਮ ਅਧੀਨ ਰਾਜ ਦੀ ਕਮਿਟਿੱਡ ਲਾਇਬਿਲਟੀ ਜੋ ਪਹਿਲਾਂ 60.੪0 ਕਰੋੜ ਰੁਪਏ ਸੀ, ਹੁਣ ਕਈ ਗੁਣਾਂ ਵੱਧ ਗਈ ਹੈ। ਸਕੀਮ

ਅਧੀਨ ਡਰਾਪ ਆਊਟ ਵੀ ਵੱਡੇ ਪੱਧਰ ਤੇ ਹੋ ਰਿਹਾ ਹੈ। ਹੁਣ ਸਕੀਮ ਦੀਆਂ ਰਿਵਾਈਜ਼ਡ ਗਾਈਡ ਲਾਈਨਜ਼ ਦੀ ਮੱਦ **IV. Conditions of eligibility of institutions/universities/colleges** ਦੇ ਲੜੀ ਨੰ. **(2)** ਤਹਿਤ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ:-

The college/institution will ensure minimum 50% of renewal in respect of students availing post matric scholarship for the academic year, before applying for scholarship for next the academic year provided where the institution is able to give good and sufficient reasons for not achieving minimum of 50% renewal; the above mentioned limit will not apply. The good and sufficient reasons imply natural calamities like flood/drought/unforeseen circumstances/law and order problem etc.

6. ਗਾਈਡ ਲਾਈਨਜ਼ ਦੀ ਮੱਦ **III. Compulsory non refundable fees but will not include one time upfront payment fees for full course** ਦੇ ਲੜੀ ਨੰ. **(a & b)** ਤਹਿਤ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ:-

a) Scholars will be paid enrolment/registration, tuition, games, Union, Library, Magazine, Medical Examination and such other fees compulsorily payable by the scholar to the institution or university/board. Refundable deposits like caution money, security deposit will, however, be excluded.
Note: Payment of one time lump sum fees for full course in Government and Private Institutions shall not be eligible. **The fees claimed against management quota seats, spot admission seat in any institution/university will not be reimbursed.**
b) Every State shall constitute a Fee Rationalization Committee (FRC) for review and rationalization of fee structures for disciplines/courses/institutes which are not otherwise covered by the Fee Fixation Committee required to be constituted as per the directions of the Hon'ble Supreme Court.

ਉਕਤ ਦੀ ਰੋਸ਼ਨੀ ਵਿੱਚ ਸਮੂਹ ਲਾਗੂਕਰਤਾ ਵਿਭਾਗ ਆਪਣੇ ਆਪਣੇ ਵਿਭਾਗ ਦੀ ਫੀ-ਫਿਕਸੇਸ਼ਨ ਸਬੰਧੀ ਤੁਰੰਤ ਕਾਰਵਾਈ ਕਰਨੀ ਯਕੀਨੀ ਬਣਾਉਣ। ਇਸ ਸਬੰਧੀ ਵਿੱਤ ਵਿਭਾਗ ਵੱਲੋਂ ਦਿੱਤੀ ਗਈ ਸਲਾਹ ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਭੇਜੀ ਜਾਵੇਗੀ।

7. ਭਲਾਈ ਵਿਭਾਗ ਵੱਲੋਂ ਅਜਿਹੇ ਵਿਦਿਆਰਥੀਆਂ ਦੇ ਕਲੇਮਾਂ ਸਬੰਧੀ ਵੈਰੀਫਾਈ ਕਰਨ ਬਾਰੇ ਅਤੇ ਵਿਦਿਆਰਥੀਆਂ ਦੀਆਂ ਸੰਸਥਾ ਵਾਈਜ਼ ਸੂਚੀਆਂ ਤਿਆਰ ਕੀਤੀਆਂ ਜਾਣੀਆਂ ਹਨ, ਜੋ ਕਿ ਭਾਰਤ ਸਰਕਾਰ ਨੂੰ ਭੇਜੀਆਂ ਜਾਣੀਆਂ ਹਨ। ਇਹ ਸੂਚੀਆਂ ਲਾਗੂਕਰਤਾ ਵਿਭਾਗ ਤਿਆਰ ਕਰਕੇ ਭਲਾਈ ਵਿਭਾਗ ਨੂੰ ਭੇਜਣਗੇ।

੮. ਇਸ ਸਬੰਧੀ ਮਿਤੀ 6-7-201੮ ਨੂੰ ਹੋਈ ਮੀਟਿੰਗ ਵਿੱਚ ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ ਨੂੰ ਆਦੇਸ਼ ਦਿੱਤੇ ਗਏ ਸਨ ਕਿ ਵਿੱਤ ਵਿਭਾਗ ਵੱਲੋਂ ਸਾਲ 2015-16 ਅਤੇ 2016-17 ਦਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਕੀਮ ਅਧੀਨ ਜੋ ਸਪੈਸ਼ਲ ਆਡਿਟ ਕੀਤਾ ਗਿਆ ਹੈ, ਉਸ ਦੀ ਆਡਿਟ ਰਿਪੋਰਟ ਲਾਗੂਕਰਤਾ ਵਿਭਾਗਾਂ ਨੂੰ ਤੁਰੰਤ ਮੁਹੱਈਆ ਕਰਵਾਈ ਜਾਵੇਗੀ।

9. ਆਡਿਟ ਵਿਭਾਗ ਦੀਆਂ ਰਿਪੋਰਟਾਂ ਤੇ ਸਮੇਤ ਇਤਰਾਜ਼ਯੋਗ ਵਿਦਿਆਰਥੀਆਂ ਦੀਆਂ ਸੂਚੀਆਂ, ਜੋ ਵਿੱਤ ਵਿਭਾਗ ਦੇ ਸਬੰਧਤ ਜਿਲ੍ਹੇ ਦੇ ਡਿਪਟੀ ਕੰਟਰੋਲਰ ਪਾਸ ਉਪਲਬੱਧ ਹਨ, ਲਾਗੂਕਰਤਾ ਵਿਭਾਗ ਆਪਣੇ ਪੱਧਰ ਤੇ ਵੀ ਸਬੰਧਤ ਡਿਪਟੀ ਕੰਟਰੋਲਰ ਨਾਲ ਤਾਲਮੇਲ ਕਰਕੇ ਪ੍ਰਾਪਤ ਕਰਨਗੇ।

10. ਭਲਾਈ ਵਿਭਾਗ ਵੱਲੋਂ ਵੀ ਆਪਣੇ ਪੱਧਰ ਤੇ ਕੰਪਿਊਟਰ ਰਾਹੀਂ ਸਕੀਮ ਅਧੀਨ ਡਰਾਪ ਆਊਟ ਅਤੇ ਡੁਪਲੀਕੇਟ ਵਿਦਿਆਰਥੀਆਂ ਦੀਆਂ ਸੂਚੀਆਂ, ਜੋ ਕੱਢੀਆਂ ਗਈਆਂ ਹਨ ਅਤੇ ਇਸ ਤੋਂ ਇਲਾਵਾ ਸਾਲ

2014-15 ਅਤੇ 2015-16 ਨਾਲ ਸਬੰਧਤ ਇੰਸਟੀਚਿਊਟ ਵਾਈਜ਼ ਇਤਰਾਜ਼ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਦੀ ਸੋਫਟ ਕਾਪੀ ਵੀ ਲਾਗੂਕਰਤਾ ਵਿਭਾਗਾਂ ਨੂੰ ਭੇਜੀ ਗਈ ਹੈ।

11. ਆਡਿਟ ਵਿਭਾਗ ਦੀਆਂ ਇਤਰਾਜ਼ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਜੋ ਲਾਗੂਕਰਤਾ ਵਿਭਾਗਾਂ ਨੂੰ ਪ੍ਰਾਪਤ ਹੋਣਗੀਆਂ ਅਤੇ ਭਲਾਈ ਵਿਭਾਗ ਵੱਲੋਂ ਲਾਗੂਕਰਤਾ ਵਿਭਾਗਾਂ ਨੂੰ ਭੇਜੀਆਂ ਗਈਆਂ ਇਤਰਾਜ਼ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਨੂੰ ਲਾਗੂਕਰਤਾ ਵਿਭਾਗਾਂ ਵੱਲੋਂ ਘੋਖਣ ਉਪਰੰਤ ਅਤੇ ਜੇਕਰ ਲਾਗੂਕਰਤਾ ਵਿਭਾਗਾਂ ਵੱਲੋਂ ਉਨ੍ਹਾਂ ਦੇ ਆਪਣੇ ਪੱਧਰ ਤੇ ਵੀ ਕੋਈ ਇਤਰਾਜ਼ਯੋਗ ਵਿਦਿਆਰਥੀ ਪਾਏ ਜਾਣ, ਤਾਂ ਇਨ੍ਹਾਂ ਸਾਰਿਆਂ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ, ਸਾਰੇ ਇਤਰਾਜ਼ਯੋਗ ਵਿਦਿਆਰਥੀਆਂ ਨੂੰ ਹਟਾਕੇ, ਸਾਲ 2015-16 ਅਤੇ 2016-17 ਦੀ ਸੋਧੀ ਹੋਈ ਫਾਈਨਲ/ਰਿਵਾਇਜ਼ਡ ਵਿਦਿਆਰਥੀਆਂ ਦੀਆਂ ਸੂਚੀਆਂ, ਸਾਲ-ਵਾਰ ਅਤੇ ਸੰਸਥਾ-ਵਾਰ ਤਿਆਰ ਕਰਕੇ ਡਾਇਰੈਕਟਰ, ਭਲਾਈ ਵਿਭਾਗ ਨੂੰ ਇੱਕ ਹਫਤੇ ਦੇ ਅੰਦਰ ਅੰਦਰ ਲਾਗੂਕਰਤਾ ਵਿਭਾਗਾਂ ਵੱਲੋਂ ਭੇਜੀਆਂ ਜਾਣਗੀਆਂ।

12. ਲਾਗੂਕਰਤਾ ਵਿਭਾਗ ਇਨ੍ਹਾਂ ਸੋਧੀਆਂ ਹੋਈਆਂ ਲਿਸਟਾਂ ਵਿੱਚ, ਨਿਯਮਾਂ ਅਨੁਸਾਰ ਪ੍ਰਮਾਣਸੁਦਾ ਫੀਸ ਨਾਲ ਕੈਲਕੁਲੇਟ ਕਰਕੇ ਸਬੰਧਤ ਸੰਸਥਾ ਵਾਸਤੇ, ਵਿਦਿਆਰਥੀ ਵਾਈਜ਼ ਕੈਲਕੁਲੇਟ ਕੀਤੀ ਗਈ ਫੀਸ ਦੇ ਵੇਰਵੇ ਸਮੇਤ ਬਣਦੀ ਕੁੱਲ ਰਾਸ਼ੀ ਦੀ ਅਦਾਇਗੀ ਕਰਨ ਲਈ ਸਿਫਾਰਸ਼ ਸਮੇਤ verified/rectified ਲਿਸਟਾਂ ਦੀ ਸੋਫਟ ਕਾਪੀ ਅਤੇ ਸਮੇਤ ਹਾਰਡ ਕਾਪੀ ਜਿਸ ਦੇ ਹਰੇਕ ਪੰਨੇ ਤੇ ਤਸਦੀਕ ਕੀਤਾ ਹੋਵੇਗਾ, ਭਲਾਈ ਵਿਭਾਗ ਨੂੰ ਭੇਜਣਗੇ।

13. ਜਿਸ-ਜਿਸ ਸੰਸਥਾ ਦੀ ਫਾਈਨਲ ਰਿਪੋਰਟ ਤਿਆਰ ਹੁੰਦੀ ਜਾਵੇਗੀ, ਉਸ-ਉਸ ਸੰਸਥਾ ਦੀ ਅਦਾਇਗੀ ਲਈ ਸਮੂਹ ਲਾਗੂਕਰਤਾ ਵਿਭਾਗ, ਭਲਾਈ ਵਿਭਾਗ ਨੂੰ ਲਿਖਣਗੇ।

14. ਜਿਨ੍ਹਾਂ ਲਾਗੂਕਰਤਾ ਵਿਭਾਗਾਂ ਦਾ ਫੀ ਸਟਰੱਕਚਰ ਲਾਗੂ ਨਹੀਂ ਕੀਤਾ ਗਿਆ, ਉਹ ਲਾਗੂਕਰਤਾ ਵਿਭਾਗ ਫੀ ਸਟਰੱਕਚਰ ਤੁਰੰਤ ਨਿਸ਼ਚਿਤ ਕਰਕੇ ਭਲਾਈ ਵਿਭਾਗ ਨੂੰ ਸੂਚਿਤ ਕਰਨ।

15. ਪ੍ਰਮੁੱਖ ਸਕੱਤਰ ਭਲਾਈ ਵੱਲੋਂ ਲਾਗੂਕਰਤਾ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੀਟਿੰਗ ਦੌਰਾਨ ਇਹ ਪੁੱਛਿਆ ਗਿਆ ਕਿ ਅਨੁਸੂਚਿਤ ਜਾਤੀ ਦੇ ਬੱਚਿਆਂ ਦੀ ਪੜ੍ਹਾਈ ਦੌਰਾਨ ਫੀਸ ਮੁਆਫੀ ਸਬੰਧੀ ਕੀ ਕੋਈ ਨੋਟੀਫਿਕੇਸਨ ਕੀਤੀ ਹੋਈ ਹੈ, ਜਿਸ ਦੇ ਸਬੰਧ ਵਿੱਚ ਲਾਗੂਕਰਤਾ ਵਿਭਾਗਾਂ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਅਜਿਹੀ ਨੋਟੀਫਿਕੇਸ਼ਨ ਜਿਥੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਫੀਸ ਪੜ੍ਹਾਈ ਦੌਰਾਨ ਮੁਆਫ ਕੀਤੀ ਜਾਣੀ ਹੋਵੇ (ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਕੀਮ ਤੋਂ ਇਲਾਵਾ), ਉਨ੍ਹਾਂ ਦੇ ਧਿਆਨ ਵਿੱਚ ਨਹੀਂ ਹੈ, ਜਿਸ ਤੇ ਵਿਚਾਰ-ਵਟਾਂਦਰਾ ਕਰਦੇ ਹੋਏ ਪ੍ਰਮੁੱਖ ਸਕੱਤਰ ਭਲਾਈ ਵੱਲੋਂ ਡਾਇਰੈਕਟਰ, ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ ਆਦੇਸ਼ ਦਿੱਤੇ ਗਏ ਕਿ ਸਮੂਹ ਲਾਗੂਕਰਤਾ ਵਿਭਾਗਾਂ ਨੂੰ ਇਸ ਸਬੰਧ ਵਿੱਚ ਪੱਤਰ ਲਿਖਕੇ ਪੁੱਛਿਆ ਜਾਵੇ।

16. Changes to be incorporated in the Portal 2018-19 ਸਬੰਧੀ ਵਿਚਾਰ-ਵਟਾਂਦਰਾ ਕਰਦੇ ਹੋਏ ਪੋਰਟਲ ਵਿੱਚ ਤਬਦੀਲੀਆਂ ਕਰਨ ਸਬੰਧੀ ਪ੍ਰਮੁੱਖ ਸਕੱਤਰ ਭਲਾਈ ਜੀ ਨੇ ਨਿਰਦੇਸ਼ਕ ਭਲਾਈ ਨੂੰ ਆਦੇਸ਼ ਦਿੱਤੇ ਕਿ ਜੋ ਤਬਦੀਲੀਆਂ/ਸੋਧਾਂ ਪੋਰਟਲ ਵਿੱਚ ਕੀਤੀਆਂ ਜਾਣੀਆਂ ਹਨ, ਉਸ ਬਾਰੇ ਫਾਈਲ ਤੇ ਤਬਦੀਲੀਆਂ ਦਾ ਵੇਰਵਾ ਦਰਜ ਕਰਕੇ ਐਨ.ਆਈ.ਸੀ. ਨੂੰ ਭੇਜਣ ਦੇ ਹੁਕਮ ਲਏ ਜਾਣ।

ਮੀਟਿੰਗ ਪ੍ਰਧਾਨ ਜੀ ਦੇ ਧੰਨਵਾਦ ਸਹਿਤ ਸਮਾਪਤ ਹੋਈ।

## ਡਾਇਰੈਕਟੋਰੇਟ

ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ
ਟੈਲੀਫੋਨ ਨੰ: 2600588, 2602912 (ਫੈਕਸ)

ਸੇਵਾ ਵਿਖੇ

1. ਡਾਇਰੈਕਟਰ,
   ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
   (ਪੋਲੀ. ਅਤੇ ਇੰਜ. ਵਿੰਗ), ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ,
   ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
   (ਆਈ.ਟੀ.ਆਈ ਵਿੰਗ), ਪੰਜਾਬ, ਚੰਡੀਗੜ੍ਹ।
3. ਡੀ.ਪੀ.ਆਈ (ਕਾਲਜਾਂ),
   ਪੰਜਾਬ, ਐਸ.ਏ.ਐਸ.ਨਗਰ।
4. ਡਾਇਰੈਕਟਰ,
   ਪਸ਼ੂ ਪਾਲਣ ਵਿਭਾਗ, ਪੰਜਾਬ, ਐਸ.ਏ.ਐਸ.ਨਗਰ।
5. ਡੀ.ਪੀ.ਆਈ (ਸੈ.ਸਿੱ),
   ਪੰਜਾਬ, ਐਸ.ਏ.ਐਸ.ਨਗਰ।
6. ਡਾਇਰੈਕਟਰ,
   ਐਸ.ਸੀ.ਈ.ਆਰ.ਟੀ., ਪੰਜਾਬ, ਐਸ.ਏ.ਐਸ.ਨਗਰ।
7. ਵਧੀਕ ਡਾਇਰੈਕਟਰ (ਵਿੱਤ ਤੇ ਲੇਖਾ),
   ਅੰਦਰੂਨੀ ਪੜਤਾਲ ਸੰਸਥਾ (ਮਾਲ),
   ਪੰਜਾਬ, ਚੰਡੀਗੜ੍ਹ।
8. ਮੈਨੇਜਿੰਗ ਡਾਇਰੈਕਟਰ,
   ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ,
   ਰਾਜ ਸਿਹਤ ਤੇ ਪਰਿਵਾਰ ਭਲਾਈ ਸੰਸਥਾ, ਨੇੜੇ ਸਿਵਲ ਹਸਪਤਾਲ,
   ਫੇਜ਼ 6,ਪੰਜਾਬ, ਐਸ.ਏ.ਐਸ.ਨਗਰ।

ਮੀਮੋ ਨੰ ਸ- 17/ 22814-21
ਮਿਤੀ, ਚੰਡੀਗੜ: 31-07-18

ਵਿਸ਼ਾ: ਮਾਨਯੋਗ ਆਰ.ਵੈਂਕਟ ਰਤਨਮ, ਆਈ.ਏ.ਐਸ., ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਮਿਤੀ 6-7-2018 ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਜਾਰੀ ਕੀਤੀਆਂ ਨਵੀਆਂ ਗਾਈਡ ਲਾਈਨਜ਼ ਸਬੰਧੀ ਮੀਟਿੰਗ ਦੀ ਕਾਰਵਾਈ।

ਮਾਨਯੋਗ ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ, ਮਿਤੀ 6-7-2018 ਨੂੰ ਦੁਪਹਿਰ 12.30 ਵਜੇ, ਲਾਗੂਕਰਤਾ ਵਿਭਾਗ, ਭਲਾਈ ਵਿਭਾਗ ਦੇ ਅਧਿਕਾਰੀਆਂ ਅਤੇ ਅੰਦਰੂਨੀ ਪੜਤਾਲ ਸੰਸਥਾ (ਮਾਲ) ਦੇ ਅਧਿਕਾਰੀ ਨਾਲ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਜਾਰੀ ਕੀਤੀਆਂ ਨਵੀਆਂ ਗਾਈਡ ਲਾਈਨਜ਼ ਸਬੰਧੀ ਹੋਈ ਮੀਟਿੰਗ ਦੀ ਕਾਰਵਾਈ ਦੀ ਕਾਪੀ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ ਜੀ।

ਨੱਥੀ/ (04 ਪੰਨੇ)

ਵਧੀਕ ਡਾਇਰੈਕਟਰ

ਪਿੱਠ ਅੰਕਣ ਨੰਬਰ ਸ-17/ ਮਿਤੀ, ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਚੰਡੀਗੜ੍ਹ ;
2. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਅਨੁਸੂਚਿਤ ਜਾਤੀਆਂ ਸਬ ਪਲਾਨ, ਚੰਡੀਗੜ੍ਹ।

ਸਹੀ/-
ਵਧੀਕ ਡਾਇਰੈਕਟਰ

ਮਿਤੀ 6-7-2018 ਨੂੰ ਸ੍ਰੀ ਆਰ.ਵੈਂਕਟ ਰਤਨਮ, ਆਈ.ਏ.ਐਸ., ਪ੍ਰਮੁੱਖ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਹੋਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਜਾਰੀ ਕੀਤੀਆਂ ਸੋਧੀਆਂ ਗਾਈਡ ਲਾਈਨਜ਼ ਸਬੰਧੀ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਨਿਮਨ-ਲਿਖਤ ਅਧਿਕਾਰੀਆਂ ਵੱਲੋਂ ਭਾਗ ਲਿਆ ਗਿਆ :-

1. ਸ੍ਰੀ ਮਲਵਿੰਦਰ ਸਿੰਘ ਜੱਗੀ, ਆਈ.ਏ.ਐਸ., ਡਾਇਰੈਕਟਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ
2. ਸ੍ਰੀਮਤੀ ਦਮਨਦੀਪ ਕੌਰ, ਪੀ.ਸੀ.ਐਸ, ਡਿਪਟੀ ਡਾਇਰੈਕਟਰ, ਤਕਨੀਕੀ ਸਿੱਖਿਆ (ਆਈ.ਟੀ.ਵਿੰਗ), ਪੰਜਾਬ, ਚੰਡੀਗੜ੍ਹ
3. ਸ੍ਰੀ ਰਾਜ ਬਹਾਦਰ ਸਿੰਘ, ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਅਨੁਸੂਚਿਤ ਜਾਤੀਆਂ ਸਬ ਪਲਾਨ, ਪੰਜਾਬ, ਚੰਡੀਗੜ੍ਹ;
4. ਡਾ. ਮੀਨਾ, ਡਾਇਰੈਕਟਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਐਸ.ਏ.ਐਸ.ਨਗਰ
5. ਸ੍ਰੀ ਐਸ.ਪੀ. ਜਿੰਦਲ, ਵਧੀਕ ਡਾਇਰੈਕਟਰ (ਵਿੱਤ ਅਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ (ਮਾਲ), ਪੰਜਾਬ, ਚੰਡੀਗੜ੍ਹ
6. ਸ੍ਰੀਮਤੀ ਬਿੰਦੂ ਵਾਲੀਆ, ਵਧੀਕ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ
7. ਸ੍ਰੀ ਹਰਪਾਲ ਸਿੰਘ, ਵਧੀਕ ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ
8. ਸ੍ਰੀ ਮਹਿੰਦਰ ਸਿੰਘ, ਡਿਪਟੀ ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ
9. ਡਾ:ਪਰਮਪਾਲ ਸਿੰਘ, ਪੋਲਟਰੀ ਜੈਨੇਟਿਕਸ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ
10. ਸ੍ਰੀਮਤੀ ਬਿਮਲਾ, ਸਹਾਇਕ ਡਾਇਰੈਕਟਰ, ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ
11. ਸ੍ਰੀਮਤੀ ਪਰਮਿੰਦਰ ਕੌਰ, ਸਹਾਇਕ ਡਾਇਰੈਕਟਰ, ਡੀ.ਪੀ.ਆਈ (ਸੈ.ਸਿੱ), ਪੰਜਾਬ, ਐਸ.ਏ.ਐਸ.ਨਗਰ
12. ਸ੍ਰੀ ਗੁਰਚਰਨ ਸਿੰਘ, ਸੁਪਰਡੰਟ, ਡੀ.ਪੀ.ਆਈ (ਕਾਲਜਾਂ), ਪੰਜਾਬ, ਐਸ.ਏ.ਐਸ.ਨਗਰ

ਡਾਇਰੈਕਟਰ, ਖੋਜ਼ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਕੋਈ ਨੁਮਾਇੰਦਾ ਮੀਟਿੰਗ ਵਿੱਚ ਹਾਜ਼ਰ ਨਹੀਂ ਹੋਇਆ।

ਮੀਟਿੰਗ ਦੇ ਸ਼ੁਰੂ ਵਿੱਚ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਵਿਦਿਅਕ ਸੰਸਥਾਵਾਂ ਨੂੰ ਸਾਲ 2015-16 ਦੀ ਬਕਾਇਆ ਅਦਾਇਗੀ ਰਲੀਜ਼ ਕੀਤੀ ਜਾਣੀ ਲੰਬਿਤ ਹੈ ਅਤੇ ਸਾਲ 2016-17 ਅਤੇ 2017-18 ਦੀ ਵਜੀਫੇ ਦੀ ਪੂਰੀ ਰਾਸ਼ੀ ਸਰਕਾਰੀ ਅਦਾਰਿਆਂ ਨੂੰ ਛੱਡਕੇ ਬਾਕੀ ਸੰਸਥਾਵਾਂ ਨੂੰ ਰਲੀਜ਼ ਕੀਤੀ ਜਾਣੀ ਲੰਬਿਤ ਹੈ। ਭਾਰਤ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਜਾਰੀ ਕੀਤੀਆਂ ਗਈਆਂ ਸੋਧੀਆਂ ਗਾਈਡ ਲਾਈਨਜ਼ ਅਪ੍ਰੈਲ, 2018 ਤੋਂ ਲਾਗੂ ਹੋਣੀਆਂ ਹਨ। ਇਨ੍ਹਾਂ ਹਦਾਇਤਾਂ ਦੀ ਕਾਪੀ ਭਲਾਈ ਵਿਭਾਗ ਵੱਲੋਂ ਸਮੂਹ ਲਾਗੂਕਰਤਾ ਵਿਭਾਗਾਂ ਨੂੰ ਭੇਜਦੇ ਹੋਏ, ਇਸ ਦੀ ਇੰਨ ਬਿੰਨ ਪਾਲਣਾ ਕਰਨ ਲਈ ਹਦਾਇਤ ਕੀਤੀ ਗਈ। ਗਾਈਡ ਲਾਈਨਜ਼ ਦੇ ਪੈਰ੍ਹਾ- **X. Mode of disbursal of Scholarship** ਦੇ ਨੁਕਤਾ ਨੰ. 2 **(b) (i & ii)** ਤਹਿਤ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ:-

(b) In case the State Government has not released scholarship to students and have claimed the arrears towards pending past claims, in such cases the State Govt. will follow procedure as given below:-

i) Where the institutes have not charged the non refundable fees from students; the state shall verify such claims with the concerned students and also furnish a complete list of such students, institute wise, while forwarding arrears claims to the ministry (in the context of pre revised cases).

ii) Where institute have charged non refundable fees from students, the State shall furnish a complete list of such students, along with details of their bank accounts and Aadhaar number institution wise while forwarding arrear claims to the ministry. The arrears should be released invariably through DBT in to the accounts of students.

2) ਉਕਤ ਗਾਈਡ ਲਾਈਨਜ਼ ਨੂੰ ਮੁੱਖ ਰੱਖਦੇ ਹੋਏ ਜੋ ਏਰੀਅਰ ਵਜੋਂ ਰਾਸ਼ੀ ਹੁਣ ਵਿਦਿਆਰਥੀਆਂ ਨੂੰ ਜਾਂ ਸੰਸਥਾਵਾਂ ਨੂੰ ਰਲੀਜ਼ ਕੀਤੀ ਜਾਣੀ ਹੈ, ਉਸ ਵਾਸਤੇ ਇਨ੍ਹਾਂ ਗਾਈਡ ਲਾਈਨਜ਼ ਅਨੁਸਾਰ ਕਾਰਵਾਈ ਕੀਤੀ ਜਾਣੀ ਹੈ। ਵਿਚਾਰ-ਵਟਾਂਦਰੇ ਉਪਰੰਤ ਹੇਠ ਲਿਖੇ ਫੈਸਲੇ ਲਏ ਗਏ:-

ੳ) ਭਲਾਈ ਵਿਭਾਗ ਵੱਲੋਂ ਅਜਿਹੇ ਵਿਦਿਆਰਥੀਆਂ ਦੇ ਕਲੇਮਾਂ ਸਬੰਧੀ ਵੈਰੀਫਾਈ ਕਰਨ ਬਾਰੇ ਅਤੇ ਵਿਦਿਆਰਥੀਆਂ ਦੀਆਂ ਸੰਸਥਾ ਵਾਈਜ਼ ਸੂਚੀਆਂ ਤਿਆਰ ਕੀਤੀਆਂ ਜਾਣੀਆਂ ਹਨ, ਜੋ ਕਿ ਭਾਰਤ ਸਰਕਾਰ ਨੂੰ ਭੇਜੀਆਂ ਜਾਣੀਆਂ ਹਨ। ਇਹ ਸੂਚੀਆਂ ਲਾਗੂਕਰਤਾ ਵਿਭਾਗ ਤਿਆਰ ਕਰਕੇ ਡਾਇਰੈਕਟਰ ਭਲਾਈ ਵਿਭਾਗ ਨੂੰ ਭੇਜੀਆਂ ਜਾਣਗੀਆਂ।

ਅ) ਵਿੱਤ ਵਿਭਾਗ ਵੱਲੋਂ ਸਾਲ 2015-16 ਅਤੇ 2016-17 ਦਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਕੀਮ ਅਧੀਨ ਜੋ ਸਪੈਸ਼ਲ ਆਡਿਟ ਕੀਤਾ ਗਿਆ ਹੈ, ਉਸ ਦੀ ਆਡਿਟ ਰਿਪੋਰਟ ਲਾਗੂਕਰਤਾ ਵਿਭਾਗਾਂ ਨੂੰ ਤੁਰੰਤ ਮੁਹੱਈਆ ਕਰਵਾਈ ਜਾਵੇਗੀ। ਰਿਪੋਰਟਾਂ ਮੁਹੱਈਆ ਕਰਵਾਉਣ ਲਈ ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ ਵੱਲੋਂ ਸਮੂਹ ਜਿਲ੍ਹਿਆਂ ਦੇ ਡਿਪਟੀ ਕੰਟਰੋਲਰ (ਵਿ.ਤੇ ਲੇ.) ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ।

ੲ) ਆਡਿਟ ਵਿਭਾਗ ਦੀਆਂ ਰਿਪੋਰਟਾਂ ਸਮੇਤ ਇਤਰਾਜ਼ਯੋਗ ਵਿਦਿਆਰਥੀਆਂ ਦੀਆਂ ਸੂਚੀਆਂ, ਜੋ ਵਿੱਤ ਵਿਭਾਗ ਦੇ ਸਬੰਧਤ ਜਿਲ੍ਹੇ ਦੇ ਡਿਪਟੀ ਕੰਟਰੋਲਰ ਪਾਸ ਉਪਲਬੱਧ ਹਨ, ਲਾਗੂਕਰਤਾ ਵਿਭਾਗ ਆਪਣੇ ਪੱਧਰ ਤੇ ਵੀ ਸਬੰਧਤ ਡਿਪਟੀ ਕੰਟਰੋਲਰ ਨਾਲ ਤਾਲਮੇਲ ਕਰਕੇ ਪ੍ਰਾਪਤ ਕਰਨਗੇ। ਇਸ ਸਬੰਧ ਵਿੱਚ ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਨੋਡਲ ਅਫਸਰ ਨਿਯੁਕਤ ਕਰਦੇ ਹੋਏ, ਭਲਾਈ ਵਿਭਾਗ ਵੱਲੋਂ ਇਹ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਜਿਲ੍ਹਾ ਭਲਾਈ ਅਫਸਰ ਨਿੱਜੀ ਪੱਧਰ ਤੇ ਇਹ ਯਕੀਨੀ ਬਣਾਉਣ ਕਿ ਸਾਰੇ ਲਾਗੂਕਰਤਾ ਵਿਭਾਗਾਂ ਪਾਸ ਸਬੰਧਤ ਡਿਪਟੀ ਕੰਟਰੋਲਰ ਵੱਲੋਂ ਉਨ੍ਹਾਂ ਦੇ ਵਿਭਾਗਾਂ ਅਧੀਨ ਆਉਂਦੀਆਂ ਵਿਦਿਅਕ ਸੰਸਥਾਵਾਂ ਦੀਆਂ ਆਡਿਟ ਕੀਤੀਆਂ ਸੂਚੀਆਂ ਮੁਹੱਈਆ ਹੋ ਜਾਣ।

ਸ) ਆਡਿਟ ਦੌਰਾਨ ਇਤਰਾਜ਼ਯੋਗ ਪਾਏ ਗਏ ਵਿਦਿਆਰਥੀਆਂ ਦੀਆਂ ਸੂਚੀਆਂ ਤੁਰੰਤ ਸਬੰਧਤ ਜਿਲ੍ਹੇ ਦੇ ਡਿਪਟੀ ਕੰਟਰੋਲਰ ਵੱਲੋਂ ਲਾਗੂਕਰਤਾ ਵਿਭਾਗਾਂ ਨੂੰ ਭੇਜਣ ਸਬੰਧੀ ਵਿੱਤ ਵਿਭਾਗ ਵੱਲੋਂ ਵੀ ਵੱਖਰੇ ਤੌਰ ਤੇ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।

ਹ) ਡਾਇਰੈਕਟਰ, ਭਲਾਈ ਵਿਭਾਗ ਵੱਲੋਂ ਵੀ ਆਪਣੇ ਪੱਧਰ ਤੇ ਕੰਪਿਊਟਰ ਰਾਹੀਂ ਸਕੀਮ ਅਧੀਨ ਡਰਾਪ ਆਊਟ ਅਤੇ ਡੁਪਲੀਕੇਟ ਵਿਦਿਆਰਥੀਆਂ ਦੀਆਂ ਸੂਚੀਆਂ, ਜੋ ਕੱਢੀਆਂ ਗਈਆਂ ਹਨ ਅਤੇ ਇਸ ਤੋਂ ਇਲਾਵਾ ਸਾਲ 2014-15 ਅਤੇ 2015-16 ਨਾਲ ਸਬੰਧਤ ਇੰਸਟੀਚਿਊਟ ਵਾਈਜ਼ ਇਤਰਾਜ਼ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਦੀ ਸੋਫਟ ਕਾਪੀ ਵੀ ਲਾਗੂਕਰਤਾ ਵਿਭਾਗਾਂ ਨੂੰ ਤੁਰੰਤ ਭੇਜੀ ਜਾਵੇਗੀ।

ਕ) ਵਿੱਤ ਵਿਭਾਗ ਵੱਲੋਂ ਲਾਗੂਕਰਤਾ ਵਿਭਾਗਾਂ ਨੂੰ ਭੇਜੀਆਂ ਜਾਣ ਵਾਲੀਆਂ ਆਡਿਟ ਰਿਪੋਰਟਾਂ ਸਮੇਤ ਉਨ੍ਹਾਂ ਵਿਦਿਆਰਥੀਆਂ ਦੀਆਂ ਸੂਚੀਆਂ, ਜਿਨ੍ਹਾਂ ਉਪਰ ਕੋਈ ਨਾ ਕੋਈ ਇਤਰਾਜ਼ ਲਗਾਇਆ ਗਿਆ ਹੈ, ਜਿਵੇਂ ਕਿ ਡਰਾਪ ਆਊਟ, ਡੁਪਲੀਕੇਟ, without acknowledgement, without SC certificate and without matric certificate ਆਦਿ, ਸ਼ਾਮਲ ਕੀਤੀਆਂ ਜਾਣਗੀਆਂ।

ਖ) ਆਡਿਟ ਵਿਭਾਗ ਦੀਆਂ ਇਤਰਾਜ਼ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਜੋ ਲਾਗੂਕਰਤਾ ਵਿਭਾਗਾਂ ਨੂੰ ਪ੍ਰਾਪਤ ਹੋਣਗੀਆਂ ਅਤੇ ਭਲਾਈ ਵਿਭਾਗ ਵੱਲੋਂ ਲਾਗੂਕਰਤਾ ਵਿਭਾਗਾਂ ਨੂੰ ਭੇਜੀਆਂ ਗਈਆਂ ਇਤਰਾਜ਼ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਨੂੰ ਲਾਗੂਕਰਤਾ ਵਿਭਾਗਾਂ ਵੱਲੋਂ ਘੋਖਣ ਉਪਰੰਤ ਅਤੇ ਜੇਕਰ ਲਾਗੂਕਰਤਾ ਵਿਭਾਗਾਂ ਵੱਲੋਂ ਉਨ੍ਹਾਂ ਦੇ ਆਪਣੇ ਪੱਧਰ ਤੇ ਵੀ ਕੋਈ ਇਤਰਾਜ਼ਯੋਗ ਵਿਦਿਆਰਥੀ ਪਾਏ ਜਾਣ ਤਾਂ ਇਨ੍ਹਾਂ ਸਾਰਿਆਂ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ, ਸਾਰੇ ਇਤਰਾਜ਼ਯੋਗ ਵਿਦਿਆਰਥੀਆਂ ਨੂੰ ਹਟਾਕੇ, ਸਾਲ 2015-16 ਅਤੇ 2016-17 ਦੀ ਸੋਧੀ ਹੋਈ ਫਾਈਨਲ/ਰਿਵਾਇਜ਼ਡ ਵਿਦਿਆਰਥੀਆਂ ਦੀਆਂ ਸੂਚੀਆਂ, ਸਾਲ-ਵਾਰ ਅਤੇ ਸੰਸਥਾ-ਵਾਰ ਤਿਆਰ ਕਰਕੇ ਡਾਇਰੈਕਟਰ, ਭਲਾਈ ਵਿਭਾਗ ਨੂੰ ਇੱਕ ਹਫਤੇ ਦੇ ਅੰਦਰ ਅੰਦਰ ਲਾਗੂਕਰਤਾ ਵਿਭਾਗਾਂ ਵੱਲੋਂ ਭੇਜੀਆਂ ਜਾਣਗੀਆਂ।

ਲਾਗੂਕਰਤਾ ਵਿਭਾਗ ਇਨ੍ਹਾਂ ਸੋਧੀਆਂ ਹੋਈਆਂ ਲਿਸਟਾਂ ਵਿੱਚ, ਨਿਯਮਾਂ ਅਨੁਸਾਰ ਪ੍ਰਮਾਣਸੁਦਾ ਫੀਸ ਨਾਲ ਕੈਲਕੁਲੇਟ ਕਰਕੇ ਸਬੰਧਤ ਸੰਸਥਾ ਵਾਸਤੇ, ਵਿਦਿਆਰਥੀ ਵਾਈਜ਼ ਕੈਲਕੁਲੇਟ ਕੀਤੀ ਗਈ ਫੀਸ ਦੇ ਵੇਰਵੇ ਸਮੇਤ ਬਣਦੀ ਕੁੱਲ ਰਾਸ਼ੀ ਦੀ ਅਦਾਇਗੀ ਕਰਨ ਲਈ ਸਿਫਾਰਸ਼ ਸਮੇਤ ਲਿਸਟਾਂ ਦੀ ਸੋਫਟ ਕਾਪੀ ਅਤੇ ਸਮੇਤ ਹਾਰਡ ਕਾਪੀ ਜਿਸ ਦੇ ਹਰੇਕ ਪੰਨੇ ਤੇ ਤਸਦੀਕ ਕੀਤਾ ਹੋਵੇਗਾ, ਭਲਾਈ ਵਿਭਾਗ ਨੂੰ ਭੇਜਣਗੇ।

ਗ) ਲਾਗੂਕਰਤਾ ਵਿਭਾਗਾਂ ਵੱਲੋਂ ਸਬੰਧਤ ਸੰਸਥਾਵਾਂ ਤੋਂ ਐਫੀਡੇਵਿੱਟ ਲਿਆ ਜਾਵੇਗਾ ਕਿ ਸੰਸਥਾ ਵੱਲੋਂ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਦਾਖਲਿਆਂ ਦੌਰਾਨ ਫੀਸਾਂ ਚਾਰਜ ਨਹੀਂ ਕੀਤੀਆਂ ਗਈਆਂ ਅਤੇ ਜੇਕਰ ਫੀਸ ਲਈ ਗਈ ਹੈ ਤਾਂ ਫੀਸ ਲਏ ਗਏ ਵਿਦਿਆਰਥੀਆਂ ਦੀਆਂ ਸੂਚੀਆਂ ਵੱਖਰੇ ਤੌਰ ਤੇ ਲਈਆਂ ਜਾਣਗੀਆਂ।ਇਹ ਐਫੀਡੇਵਿੱਟ ਵੀ ਲਾਗੂਕਰਤਾ ਵਿਭਾਗ ਸੂਚੀਆਂ ਦੇ ਨਾਲ ਨਾਲ ਭਲਾਈ ਵਿਭਾਗ ਨੂੰ ਭੇਜਣਗੇ।

ਘ) ਜਿਸ ਜਿਸ ਸੰਸਥਾ ਦੀ ਫਾਈਨਲ ਰਿਪੋਰਟ ਤਿਆਰ ਹੁੰਦੀ ਜਾਵੇਗੀ, ਉਸ ਉਸ ਸੰਸਥਾ ਦੀ ਅਦਾਇਗੀ ਕੀਤੀ ਜਾਵੇਗੀ।

ਚ) ਭਲਾਈ ਵਿਭਾਗ ਵੱਲੋਂ ਕੈਬਨਿਟ ਦੇ ਫੈਸਲੇ ਅਨੁਸਾਰ , ਸਾਰੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਲਾਗੂਕਰਤਾ ਵਿਭਾਗ ਵੱਲੋਂ ਭੇਜੀ ਰਿਵਾਇਜ਼ਡ ਲਿਸਟਾਂ ਅਤੇ ਰਾਸ਼ੀ ਪ੍ਰਾਪਤ ਹੋਣ ਤੇ ਫਾਈਨਲ ਪੇਮੈਂਟ ਦੀ ਫਿਗਰ, ਪ੍ਰੀ ਆਡਿਟ ਭਲਾਈ ਵਿਭਾਗ ਦੇ ਡਿਪਟੀ ਕੰਟਰੋਲਰ ਅਤੇ ਲੇਖਾ ਸ਼ਾਖਾ ਵੱਲੋਂ ਕਰਨ ਉਪਰੰਤ, ਸਕਾਲਰਸ਼ਿਪ ਦੀ ਅਦਾਇਗੀ ਨਿਯਮਾਂ ਅਨੁਸਾਰ ਕੀਤੀ ਜਾਵੇਗੀ।

ਛ) ਡਾਇਰੈਕਟਰ, ਭਲਾਈ ਵਿਭਾਗ ਭਾਰਤ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ: ਸਕੀਮ ਅਧੀਨ ਜਾਰੀ ਕੀਤੀ ਗਈ 327.39 ਕਰੋੜ ਰੁਪਏ ਦੀ ਸੈਂਕਸ਼ਨ ਵਿੱਤ ਵਿਭਾਗ ਤੋਂ ਜਾਰੀ ਕਰਵਾਉਣ ਲਈ ਤੁਰੰਤ ਫਾਈਲ ਸਰਕਾਰ ਨੂੰ ਭੇਜੀ ਜਾਵੇਗੀ।

ਜ) ਕੈਬਨਿਟ ਦੇ ਫੈਸਲੇ ਅਨੁਸਾਰ, ਭਲਾਈ ਵਿਭਾਗ ਵੱਲੋਂ ਸਮੂਹ ਲਾਗੂਕਰਤਾ ਵਿਭਾਗਾਂ ਨੂੰ ਅੱਧ ਸਰਕਾਰੀ ਪੱਤਰ ਰਾਹੀਂ ਸਟਾਫ ਭਲਾਈ ਵਿਭਾਗ ਵਿੱਚ ਡਿਪਿਊਟ ਕਰਨ ਲਈ ਲਿਖਿਆ ਗਿਆ ਸੀ, ਜਿਸ

ਅਨੁਸਾਰ ਮੀਟਿੰਗ ਵਿੱਚ ਹਾਜ਼ਰ ਹੋਏ ਲਾਗੂਕਰਤਾ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਆਦੇਸ਼ ਦਿੱਤੇ ਗਏ ਕਿ ਭਲਾਈ ਵਿਭਾਗ ਵਿੱਚ ਤੁਰੰਤ ਸਟਾਫ ਭੇਜਿਆ ਜਾਵੇ।

ਝ) ਸੋਧੀਆਂ ਹੋਈਆਂ ਅਗਵਾਈ ਲੀਹਾਂ ਦੇ ਸਨਮੁੱਖ ਪੋਰਟਲ ਵਿੱਚ ਲੋੜੀਂਦੀਆਂ ਸੋਧਾਂ ਕਰਨ ਲਈ ਡਾਇਰੈਕਟਰ, ਭਲਾਈ ਵਿਭਾਗ ਵੱਲੋਂ ਐਨ.ਆਈ.ਸੀ. ਨਾਲ ਮਾਮਲਾ ਟੇਕਅੱਪ ਕੀਤਾ ਜਾਵੇਗਾ।

ਮੀਟਿੰਗ ਪ੍ਰਧਾਨ ਜੀ ਦੇ ਧੰਨਵਾਦ ਸਹਿਤ ਸਮਾਪਤ ਹੋਈ।